**ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ**

**ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ**

**ਫਾ.ਨੰ. 02/07/2020/ਐਸ–1/106** **ਮਿਤੀ 27.04.2020**

**ਹੁਕਮ**

ਜਦੋਂ ਕਿ ਆਫ਼ਤ ਪ੍ਰਬੰਧਨ ਐਕਟ, 2005 ਦੀ ਧਾਰਾ 22 ਵਿਚ ਮੌਜੂਦ ਸ਼ਕਤੀਆਂ ਦੇ ਪਾਲਨ ਵਿਚ ਰਾਜ ਕਾਰਜਕਾਰੀ ਸਮਿਤੀ ਰਾਸ਼ਟਰੀ ਰਾਜਧਾਲੀ ਖੇਤਰ, ਦਿੱਲੀ ਸਰਕਾਰ ਦੇ ਮੁਖੀ ਦੇ ਰੂਪ ਵਿਚ, ਨਿਮਨ ਹਸਤਾਖ਼ਰੀ ਦੁਆਰਾ ਇਕ ਹੁਕਮ ਨੰ. ਡੀ.ਡੀ.ਐਮ.ਏ./ਕੋਵਿਡ/47 ਮਿਤੀ 14 ਅਪ੍ਰੈਲ, 2020 ਜਾਰੀ ਕੀਤਾ ਗਿਆ ਹੈ ਕਿ ਭਾਰਤ ਸਰਕਾਰ ਦੁਆਰਾ ਲਾਕਡਾਊਨ ਅੰਤਰਾਲ ਦੇ ਵਿਸਤਾਰ ਨੂੰ ਧਿਆਨ ਵਿਚ ਰੱਖਦੇ ਹੋਏ ਅਜਿਹੇ ਸਾਰੇ ਹੁਕਮ ਜਿਨ੍ਹਾਂ ਦੀ ਵੈਧਤਾ ਸਿਰਫ਼ 14 ਅਪ੍ਰੈਲ, 2020 ਦੀ ਅੱਧੀ ਰਾਤ ਤੱਕ ਸੀ, ਉਹ 3 ਮਈ, 2020 ਦੀ ਅੱਧੀ ਰਾਤ ਤੱਕ ਜਾਂ ਅਗਲੇ ਹੁਕਮਾਂ ਤੱਕ ਇਨ੍ਹਾਂ ਵਿਚੋਂ ਜੋ ਵੀ ਪਹਿਲਾਂ ਹੋਵੇ, ਤੱਕ ਮੰਨੇ ਜਾਣਗੇ ;

ਅਤੇ ਜਦੋਂ ਕਿ ਹੁਕਮ ਨੰ. ਐਫ 02/07/2020/ਐਸ–1/53 ਮਿਤੀ 15.04.2020 ਦੇ ਮੁਤਾਬਕ ਨਿਮਨ ਹਸਤਾਖ਼ਰੀ ਦੁਆਰਾ ਗ੍ਰਹਿ ਮੰਤਰਾਲਾ, ਭਾਰਤ ਸਰਕਾਰ ਦੇ ਹੁਕਮ ਨੰ. 40–3/2020–ਡੀ.ਐਮ.–ਆਈ(ਏ) ਮਿਤੀ 15.04.2020 ਦੇ ਮੁਤਾਬਕ ਜਾਰੀ ਏਕੀਕ੍ਰਿਤ ਸੋਧੇ ਦਿਸ਼ਾ–ਨਿਰਦੇਸ਼ਾਂ ਦਾ ਸਖ਼ਤੀ ਨਾਲ ਪਾਲਣ ਲਈ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਦੇ ਸਾਰੇ ਵਿਭਾਗਾਂ ਨੂੰ ਦਿਸ਼ਾ–ਨਿਰਦੇਸ਼ ਜਾਰੀ ਕੀਤੇ ਗਏ ਹਨ, ਜਿਸ ਵਿਚ ਹੋਰਨਾਂ ਗੱਲਾਂ ਦੇ ਨਾਲ–ਨਾਲ 20 ਅਪ੍ਰੈਲ, 2020 ਤੋਂ ਛੋਟ ਦੇ ਰੂਪ ਵਿਚ ਵਾਧੂ ਗਤੀਵਿਧੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਸਥਾਨਕ ਖੇਤਰਾਂ ਦੀ ਜ਼ਰੂਰਤ ਦੇ ਮੁਤਾਬਕ ਯੂ. ਟੀ. ਰਾਜ ਸਰਕਾਰ ਸਖ਼ਤ ਤਰੀਕੇ ਲਾਗੂ ਕਰ ਸਕਦੀ ਹੈ।

ਅਤੇ ਜਦੋਂ ਕਿ ਹੁਕਮ ਨੰ. 2/07/2020/ਐਸ–1/64 ਮਿਤੀ 19.04.2020 ਦੇ ਮੁਤਾਬਕ ਨਿਮਨ ਹਸਤਾਖ਼ਰੀ ਦੁਆਰਾ ਸਾਰੇ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਮਿਤੀ 15.04.2020 ਦੇ ਹੁਕਮ ਵਿਚ ਨੱਥੀ ਏਕੀਕ੍ਰਿਤ ਦਿਸ਼ਾ–ਨਿਰਦੇਸ਼ਾਂ ਦੇ ਸਖ਼ਤੀ ਨਾਲ ਪਾਲਨ ਕਰਨ ਦੇ ਸੰਬੰਧ ਵਿਚ 27 ਅਪ੍ਰੈਲ, 2020 ਜਾਂ ਅਗਲੇ ਹੁਕਮਾਂ ਤੱਕ, ਜੋ ਵੀ ਪਹਿਲਾਂ ਹੋਵੇ, ਨੂੰ ਹੋਰ ਵਿਆਪਕ ਆਕਲਨ ਤੱਕ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਵਿਚ ਵਾਧੂ ਗਤੀਵਿਧੀਆਂ ਲਈ ਬਿਨਾ ਕਿਸੇ ਛੋਟ ਦੇ ''ਜਿਵੇਂ ਸਥਿਤੀ ਹੈ'' ਬਣਾਈ ਰੱਖਣ ;

ਜਦੋਂ ਕਿ, ਆਫ਼ਤ ਪ੍ਰਬੰਧਨ ਐਕਟ, 2005 ਦੀ ਧਾਰਾ 22 ਵਿਚ ਮੌਜੂਦ ਸ਼ਕਤੀਆਂ ਦੇ ਪਾਲਨ ਵਿਚ ਰਾਜ ਕਾਰਜਕਾਰੀ ਸਮਿਤੀ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਦੇ ਮੁਖੀ ਦੇ ਰੂਪ ਵਿਚ, ਨਿਮਨ ਹਸਤਾਖ਼ਰੀ ਦੁਆਰਾ ਮਿਤੀ 26.04.2020 ਦੇ ਹੁਕਮ ਦੇ ਨਾਲ ਪੜ੍ਹਿਆ ਮਿਤੀ 15.04.2020 ਦੇ ਡੀ.ਡੀ.ਐਮ.ਏ. ਦੇ ਹੁਕਮ ਵਿਚ ਨੱਥੀ ਏਕੀਕ੍ਰਿਤ ਦਿਸ਼ਾ–ਨਿਰਦੇਸ਼ਾਂ ਦੇ ਸਖ਼ਤੀ ਨਾਲ ਪਾਲਨ ਦੇ ਸੰਬੰਧ ਵਿਚ 3 ਮਈ, 2020 ਜਾਂ ਅਗਲੇ ਹੁਕਮਾਂ ਤੱਕ, ਜੋ ਵੀ ਪਹਿਲਾਂ ਹੋਵੇ, ''ਜਿਵੇਂ ਸਥਿਤੀ ਹੈ'' ਬਣਾਈ ਰੱਖਣ ਲਈ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ ਦੇ ਸਾਰੇ ਵਿਭਾਗਾਂ ਨੂੰ ਦਿਸ਼ਾ–ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ। ਹੇਠ ਲਿਖੀਆਂ ਵਾਧੂ ਗਤੀਵਿਧੀਆਂ ਨੂੰ ਛੱਡ ਕੇ ਜਿਨ੍ਹਾਂ ਨੂੰ ਮਿਤੀ 28.04.2020 ਤੋਂ ਆਗਿਆ ਹੋਏਗੀ ;

(ੳ) ਖੰਡ 5(v) – ਪਸ਼ੂ ਮੈਡੀਕਲ ਹਸਪਤਾਲ, ਦਵਾਈ ਦੀਆਂ ਦੁਕਾਨਾਂ, ਕਲੀਨਿਕ, ਪੈਥੋਲੌਜੀ ਲੈਬ, ਵੈਕਸੀਨ ਅਤੇ ਦਵਾਈ ਦੀ ਵਿਕਰੀ ਅਤੇ ਪੂਰਤੀ,

(ਅ) ਭਾਗ 5(ix) ਮੂਵਮੈਂਟ (ਇੰਟਰ ਅਤੇ ਇੰਟਰਸਟੇਟ, ਹਵਾਈ ਮਾਰਗ ਸਮੇਤ) ਮੈਡੀਕਲ ਅਤੇ ਪਸ਼ੂ ਮੈਡੀਕਲ ਕਰਮਚਾਰੀ, ਵਿਗਿਆਨਕ, ਨਰਸ, ਪੈਰਾ–ਮੈਡੀਕਲ ਕਰਮਚਾਰੀਆਂ, ਲੈਬ ਤਕਨੀਸ਼ਨਾਂ, ਮਿੱਡ–ਵਾਈਫ ਅਤੇ ਹੋਰ ਹਸਪਤਾਲ ਸਹਾਇਤਾ ਸੇਵਾਵਾਂ, ਐਂਬੂਲੈਂਸ ਸਮੇਤ ਸਾਰਿਆਂ ਦੀ ਆਵਾਜਾਈ।

(ੲ) ਭਾਗ 8(1) – ਬੱਚਿਆਂ/ਅਪਾਹਜ, ਮਾਨਸਿਕ ਰੂਪ ਤੋਂ ਕਮਜ਼ੋਰ/ਬਜ਼ੁਰਗ ਨਾਗਰਿਕਾਂ/ਬੇਆਸਰਿਆਂ/ਔਰਤਾਂ/ਵਿਧਵਾਵਾਂ ਲਈ ਘਰਾਂ ਦਾ ਸੰਚਾਲਨ।

(ਸ) ਭਾਗ 9 – ਉਤਸ਼ਾਹਿਤ ਕਰਨ ਲਈ ਆਨਲਾਈਨ ਸਿੱਖਿਆ/ਅੰਤਰ ਸਿੱਖਿਆ :

(ਹ) ਭਾਗ 14(xi) – ਸਵੈ-ਰੋਜ਼ਗਾਰਦਾਤਾ ਵਿਅਕਤੀਆਂ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ – ਇਲੈਕਟ੍ਰੀਸ਼ੀਅਨ, ਪਲੰਬਰ ਅਤੇ ਵਾਟਰ ਪਿਉਰੀਫਾਇਰਸ।

(ਕ) ਭਾਗ 14 ਦੇ ਤਹਿਤ ਉਪਖੰਡ (xi) ਅਤੇ (xii) (ਹੁਕਮ ਮਿਤੀ 23.04.2020 ਵਿਚ ਸ਼ਾਮਲ) :

(xi) ਵਿਦਿਆਰਥੀਆਂ ਲਈ ਸਿੱਖਿਆ ਦੀਆਂ ਪੁਸਤਕਾਂ ਦੀਆਂ ਦੁਕਾਨਾਂ

(xii) ਬਿਜਲੀ ਦੇ ਪੱਖਿਆਂ ਦੀਆਂ ਦੁਕਾਨਾਂ।

(ਵਿਜੇ ਦੇਵ)
ਮੁੱਖ ਸਕੱਤਰ, ਦਿੱਲੀ

ਸੇਵਾ ਵਿਚ :

1 ਸਾਰੇ ਵਧੀਕ ਮੁੱਖ ਸਕੱਤਰ/ਮੁੱਖ ਸਕੱਤਰ/ਸਕੱਤਰ/ਵਿਭਾਗਾਂ ਦੇ ਮੁਖੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

2 ਪੁਲੀਸ ਕਮਿਸ਼ਨਰ, ਦਿੱਲੀ।

3 ਮੁਖੀ, ਨਵੀਂ ਦਿੱਲੀ ਨਗਰ ਪਾਲਿਕਾ ਪਰਿਸ਼ਦ।

4 ਨਿਰਦੇਸ਼ਕ, ਸੂਚਨਾ ਅਤੇ ਪ੍ਰਚਾਰ ਨਿਦੇਸ਼ਾਲਾ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਨੂੰ ਵਿਆਪਕ ਪ੍ਰਚਾਰ ਲਈ।

5 ਕਮਿਸ਼ਨਰ (ਦਿੱਲੀ ਨਗਰ ਨਿਗਮ/ਪੂਰਬੀ ਦਿੱਲੀ ਨਗਰ ਨਿਗ/ਉੱਤਰੀ ਦਿੱਲੀ ਨਗਰ ਨਿਗਮ)।

6 ਸੀ.ਡੀ.ਓ., ਦਿੱਲੀ ਕੈਂਟ ਬੋਰਡ।

ਸੂਚਨਾ ਹਿੱਤ ਕਾਪੀ

1 ਮੁੱਖ ਸਕੱਤਰ, ਮਾਣਯੋਗ ਉੱਪ-ਰਾਜਪਾਲ, ਦਿੱਲੀ।

2 ਵਧੀਕ ਸਕੱਤਰ, ਮਾਣਯੋਗ ਮੁੱਖ-ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

3 ਸਕੱਤਰ, ਮਾਣਯੋਗ ਉੱਪ ਮੁੱਖ-ਮੰਤਰੀ/ਵਿੱਤ ਮੰਤਰੀ, ਰਾਸ਼ਟਰੀ ਰਾਜਧਾਨੀ, ਖੇਤਰ, ਦਿੱਲੀ ਸਰਕਾਰ।

4 ਸਕੱਤਰ, ਮਾਣਯੋਗ ਸਿਹਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

5 ਸਕੱਤਰ, ਮਾਣਯੋਗ ਕਿਰਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

6 ਸਕੱਤਰ, ਮਾਣਯੋਗ ਵਿੱਤ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

7 ਸਕੱਤਰ, ਮਾਣਯੋਗ ਸਮਾਜ ਕਲਿਆਣ ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

8 ਸਕਤਰ, ਮਾਣਯੋਗ ਫੂਡ ਅਤੇ ਸਪਲਾਈ ਮੰਤਰੀ, ਰਾਸ਼ਟਰੀ ਰਾਜਧਾਲੀ ਖੇਤਰ, ਦਿੱਲੀ ਸਰਕਾਰ।

9 ਵਧੀਕ ਮੁੱਖ ਸਕੱਤਰ (ਗ੍ਰਹਿ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

10 ਰਾਜ ਕਾਰਜਕਾਰੀ ਸਮਿਤੀ, ਸਾਰੇ ਮੈਂਬਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

11 ਨਿਦੇਸ਼ਕ, ਸੂਚਨਾ ਅਤੇ ਪ੍ਰਚਾਰ ਨਿਦੇਸ਼ਾਲਾ, ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ ਨੂੰ ਵਿਆਪਕ ਪ੍ਰਚਾਰ ਲਈ।

12 ਐਸ.ਆਈ.ਓ., ਐਨ.ਆਈ.ਸੀ. ਨੂੰ ਦਿੱਲੀ ਸਰਕਾਰ ਦੀ ਵੈੱਬ-ਸਾਈਟ 'ਤੇ ਅੱਪਲੋਡ ਕਰਨ ਲਈ।

13 ਗਾਰਡ ਫਾਈਲ।